ਨੰ: 17/20/2010-2ਪੀਪੀ2/132

ਪੰਜਾਬ ਸਰਕਾਰ

ਪ੍ਰਸੋਨਲ ਵਿਭਾਗ

(ਪ੍ਰਸੋਨਲ ਪਾਲਿਸੀਜ਼-2 ਸ਼ਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ;
ਡਵੀਜਨਾਂ ਦੇ ਕਮਿਸਨਰਜ਼,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ,
ਜ਼ਿਲ੍ਹਾ ਅਤੇ ਸੈਸ਼ਨ ਜੱਜ;
ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ਼; ਅਤੇ
ਸਮੂਹ ਸਬ ਡਵੀਜ਼ਨਲ ਮੈਜਿਸਟਰੇਟ।

ਮਿਤੀ, ਚੰਡੀਗੜ੍ਹ: 19/11/14

ਵਿਸ਼ਾ:- **The Persons with Disabilities (Equal Opportunities, Protection of Rights and Full Participation) Act, 1995 (ਕੇਂਦਰੀ ਐਕਟ ਨੰ: 1 ਆਫ 1996) ਦੀ ਧਾਰਾ 33 ਤਹਿਤ ਅਪੰਗ ਕਰਮਚਾਰੀਆਂ ਦੀ ਰਿਟਾਇਰਮੈਂਟ ਦੀ ਉਮਰ 58 ਸਾਲ ਤੋਂ 60 ਸਾਲ ਕਰਨ ਸਬੰਧੀ।**

*****

ਸ਼੍ਰੀਮਾਨ/ਸ਼੍ਰੀਮਤੀ ਜੀ,

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਮੈਨੂੰ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਸਰਕਾਰ ਵਲੋਂ ਜਾਰੀ ਹਦਾਇਤਾਂ ਨੰ: 9/6/1994-3ਪੀਪੀ2/5598 ਮਿਤੀ 16 ਮਾਰਚ, 1995, ਨੰ: 9/6/1994-3ਪੀਪੀ2/3220 ਮਿਤੀ 16 ਫਰਵਰੀ,1996 ਅਤੇ ਨੰ: 9/6/1994-3ਪੀਪੀ2/840 ਮਿਤੀ 17 ਜਨਵਰੀ, 2001 ਰਾਹੀਂ ਨੇਤਰਹੀਣ ਕਰਮਚਾਰੀਆਂ ਦੀ ਵੱਧ-ਵਗ੍ਹਾਂ ਸੇਵਾ ਨਵਿਰਤੀ ਦੀ ਉਮਰ 58 ਸਾਲ ਤੋਂ 60 ਸਾਲ ਕੀਤੀ ਗਈ ਸੀ। ਮਾਨਯੋਗ ਸੁਪਰੀਮ ਕੋਰਟ ਵਲੋਂ ਸਿਵਲ ਅਪੀਲ ਨੰ: 8855 ਆਫ 2013 (Arising from SLP No. 10610 of 2013-Government of Punjab & oths. Vs Bhupinder Singh & oths.) ਵਿੱਚ ਮਿਤੀ 16 ਸਤੰਬਰ, 2014 ਨੂੰ ਦਿੱਤੇ ਫੈਸਲੇ ਵਿੱਚ ਉਕਤ ਹਦਾਇਤਾਂ ਨੂੰ The Persons with Disabilities (Equal Opportunities, Protection of Rights and Full Participation) Act, 1995 (ਕੇਂਦਰੀ ਐਕਟ ਨੰ: 1 ਆਫ 1996) ਦੀ ਧਾਰਾ 33 ਦੇ ਵਿਰੁੱਧ ਦੱਸਿਆ ਹੈ ਅਤੇ ਇਨ੍ਹਾਂ ਹਦਾਇਤਾਂ ਨੂੰ modify ਕਰਨ ਤੇ ਵਿਚਾਰ ਹਿੱਤ ਕਿਹਾ ਗਿਆ ਹੈ।

2. ਸਰਕਾਰ ਵਲੋਂ ਇਸ ਮਾਮਲੇ ਨੂੰ ਵਿਚਾਰਨ ਉਪਰੰਤ ਇਹ ਫੈਸਲਾ ਲਿਆ ਗਿਆ ਹੈ ਕਿ ਹੁਣ ਇਹ ਲਾਭ ਨਾ ਕੇਵਲ ਨੇਤਰਹੀਣ ਕਰਮਚਾਰੀਆਂ ਨੂੰ ਬਲਕਿ ਸਭ ਅਪੰਗ ਕਰਮਚਾਰੀਆਂ ਨੂੰ ਮਿਲਣ ਯੋਗ ਹੋਣਗੇ ਜੋ ਉਪਰੋਕਤ ਐਕਟ ਦੀ ਧਾਰਾ 33 (ਜੋ ਹੇਠ ਅਨੁਸਾਰ ਹਨ) ਵਿੱਚ ਕਵਰ ਹੁੰਦੇ ਹਨ:-

(i) **Blindness or Low vision;**
(ii) **Hearing impairment; and**
(iii) **Locomotor disability or cerebral palsy.**

3. ਇਸ ਤੋਂ ਇਲਾਵਾਂ ਉਕਤ ਪੈਰਾ -2. ਵਿੱਚ ਦਰਜ ਕਰਮਚਾਰੀਆਂ ਵਿਚੋਂ ਜੇਕਰ ਕੋਈ ਕਰਮਚਾਰੀ ਮਾਨਸਿਕ ਜਾਂ ਸਰੀਰਕ ਪੱਖੋ ਆਪਣੀ ਡਿਊਟੀ ਦੀ ਪਾਲਣਾ ਕਰਨ ਤੋਂ ਅਸਮਰਥ ਪਾਇਆ ਜਾਂਦਾ ਹੈ ਤਾਂ ਲੋੜ ਅਨੁਸਾਰ ਸਬੰਧਤ ਕਰਮਚਾਰੀ ਦਾ ਮੈਡੀਕਲ ਚੈੱਕ-ਅਪ ਉਸ ਦੀ ਨਿਯੁਕਤੀ ਅਥਾਰਿਟੀ ਵਲੋਂ ਕੀਤੇ ਜਾਣ ਨੂੰ ਯਕੀਨੀ ਬਣਾਇਆ ਜਾਵੇਗਾ।

4. ਉਪਰੋਕਤ ਹੁਕਮਾਂ/ਹਦਾਇਤਾਂ ਅਨੁਸਾਰ ਵਿੱਤ ਵਿਭਾਗ ਵਲੋਂ ਪੰਜਾਬ ਸਿਵਲ ਸੇਵਾਵਾਂ ਰੂਲਜ ਦੇ ਸਬੰਧਤ ਨਿਯਮਾਂ ਵਿੱਚ ਲੋੜੀਂਦੀ ਸੋਧ ਕੀਤੀ ਜਾਵੇਗੀ।

5. ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।

ਵਿਸ਼ਵਾਸਪਾਤਰ

(ਐਸ.ਪੀ.ਗੁਪਤਾ)
ਅਧੀਨ ਸਕੱਤਰ ਪ੍ਰਸੋਨਲ

ਇਸ ਦਾ ਇੱਕ ਉਤਾਰਾ ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਕਰਨ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਪ੍ਰਸੋਨਲ

ਸੇਵਾ ਵਿਖੇ

ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ.ਵਿ.ਪੱ.ਨੰ: ਨੰ: 17/20/2010-2ਪੀਪੀ2/133 ਮਿਤੀ, ਚੰਡੀਗੜ੍ਹ: 19/11/15